ਨੰਬਰ/ਐਫ.ਸੀ.ਏ. 1590

ਮਿਤੀ 01-09-2018

ਵਲੋਂ

ਵਣ ਮੰਡਲ ਅਫਸਰ,
ਹੁਸ਼ਿਆਰਪੁਰ।

ਸੇਵਾ ਵਿਖੇ

ਵਧੀਕ ਪ੍ਰਧਾਨ ਮੁੱਖ ਵਣ ਪਾਲ (ਐਫ.ਸੀ.),
ਅਤੇ ਨੋਡਲ ਅਫਸਰ (ਐੱਫ.ਸੀ.ਏ),
ਪੰਜਾਬ, ਐੱਸ.ਏ.ਐੱਸ. ਨਗਰ।

ਵਿਸ਼ਾ- **Diversion of 0.63 ha. of forest land proposal for grant of Permission for laying of Optical Fiber Cable from Mahilpur to Kotla project for Reliance Jio Infocomm under Division & Distt. Hoshiarpur (Total Length 14000 Mtrs). (Proposal No. FP/PB/Others/30185/2017 dated 30/11/2017)**

********

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਯੂਜਰ ਏਜੰਸੀ ਵੱਲੋਂ **ਓਪਟੀਕਲ ਫਾਈਬਰ ਕੇਵਲ ਵਿਛਾਉਣ ਲਈ** ਵਣ ਵਿਭਾਗ ਦੀ ਡਾਇਰਵਸ਼ਨ ਸਬੰਧੀ ਤਜਵੀਜ ਫਾਰੈਸਟ ਕੰਜਰਵੇਸ਼ਨ ਐਕਟ 1980 ਦੀ ਪ੍ਰਵਾਨਗੀ ਪ੍ਰਾਪਤ ਕਰਨ ਲਈ ਭੇਜੀ ਹੈ। ਯੂਜਰ ਏਜੰਸੀ ਇਕ ਪ੍ਰਾਇਵੇਟ ਅਦਾਰਾ ਹੈ। ਇਸ ਤਜਵੀਜ ਵਿੱਚ 0.63 **ਹੈਕਟਰ** ਵਣ ਰਕਬਾ ਪ੍ਰਭਾਵਿਤ ਹੁੰਦਾ ਹੈ, ਇਹ ਰਕਬਾ ਦਫਾ 4 ਅਤੇ 5 ਤੋਂ ਮੁਕਤ ਹੈ। ਇਸ ਕੇਸ ਵਿੱਚ ਕੋਈ ਵੀ ਸਰਕਾਰੀ ਰੁੱਖ ਪ੍ਰਭਾਵਿਤ ਨਹੀ ਹੁੰਦਾ ਹੈ। ਨਿਮਨਹਸਤਾਖਰ ਨੇ ਇਸ ਰਕਬੇ ਦਾ ਮਿਤੀ 1.9.2018 ਨੂੰ ਨਿੱਜੀ ਨਿਰੀਖਣ ਕਰ ਲਿਆ ਹੈ। ਜਿਸ ਦਾ ਲੋੜੀਂਦਾ ਸਰਟੀਫਿਕੇਟ ਤਜਵੀਜ ਪੰਨਾ ਨੰ: ....... ਤੇ ਹੈ। PWD/NHAI ਵਿਭਾਗ ਦਾ ਇਤਰਾਜਹੀਣਤਾ ਸਰਟੀਫਿਕੇਟ ਪ੍ਰੋਪੋਜਲ ਵਿੱਚ ਸ਼ਾਮਿਲ ਹੈ। ਐੱਫ.ਆਰ.ਏ. 2006 ਦਾ ਸਰਟੀਫਿਕੇਟ ਮੂਲ ਰੂਪ ਵਿੱਚ ਇਸ ਦਫਤਰ ਵੱਲੋਂ ਅਡੀਸ਼ਨਲ ਇੰਨਫਰਮੇਸ਼ਨ ਵਾਲੇ ਕਾਲਮ ਵਿੱਚ ਆਨਲਾਈਨ ਅਪਲੋਡ ਕਰ ਦਿੱਤਾ ਗਿਆ ਹੈ, ਜੋਕਿ ਪ੍ਰੋਪੋਜਲ ਵਿੱਚ ਅਸਲ ਸ਼ਾਮਲ ਹੈ। ਸਬੰਧਤ ਯੂਜਰ ਏਜੰਸੀ ਵਲੋਂ ਬਣਦੀ ਬੈਕ ਗਰੰਟੀ 3,50,000/-ਰੁਪਏ (BG No. 0541BGR0208318 ਮਿਤੀ 17-11-2017 ਦੀ ਕਾਪੀ ਨੱਥੀ) ਆਈ.ਸੀ.ਆਈ.ਸੀ.ਆਈ. ਬੈਂਕ ਲਿਮਟਿਡ ਰਾਹੀਂ ਇਸ ਦਫਤਰ ਵਿਖੇ ਜਮ੍ਹਾਂ ਕਰਵਾ ਦਿੱਤੀ ਗਈ ਹੈ। ਯੂਜਰ ਏਜੰਸੀ ਵੱਲੋਂ ਪ੍ਰਭਾਵਿਤ ਰਕਬੇ ਦੇ 50/-ਰੁਪਏ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਬਣਦੀ ਰਕਮ 3,15,000/- ਰੁਪਏ ਪੰਜਾਬ ਗਰੀਨਿੰਗ ਮਿਸ਼ਨ ਫੰਡ ਦੇ ਅਕਾਉਂਟ ਨੰਬਰ 1488000101175523 ਵਿੱਚ ਜਮ੍ਹਾਂ ਕਰਵਾ ਦਿੱਤੀ ਗਈ ਹੈ (ਕਾਪੀ ਨੱਥੀ)। ਯੂਜਰ ਏਜੰਸੀ ਨੇ ਇਸ ਕੇਸ ਦੀ ਪ੍ਰੋਸੈਸਿੰਗ ਫੀਸ 1000/- ਰੁਪਏ 8782 ਫਾਰੈਸਟ ਰਿਮੀਟੈਂਸ ਹੈੱਡ ਅਧੀਨ ਵਣ ਰੇਂਜ ਅਫਸਰ, ਮਾਹਿਲਪੁਰ ਪਾਸ ਜਮ੍ਹਾਂ ਕਰਵਾ ਦਿੱਤੀ ਹੈ (ਕਾਪੀ ਨੱਥੀ)। ਤਜਵੀਜ਼ ਵਣ ਕੰਜਰਵੇਸ਼ਨ ਐਕਟ ਦੀ ਧਾਰਾ 2 ਦੀ ਪ੍ਰਵਾਨਗੀ ਲਈ ਸਿਫਾਰਿਸ਼ ਸਹਿਤ ਦੋ ਪੜ੍ਹਤਾਂ ਵਿੱਚ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ।

<u>ਸਹਿਪੱਤਰ:ਉੱਪਰਵਾਂਗ।</u>
**ਕੇਸ ਦੋ ਪੜ੍ਹਤਾਂ ਵਿੱਚ।**

ਵਣ ਮੰਡਲ ਅਫਸਰ,
ਹੁਸ਼ਿਆਰਪੁਰ।

ਪਿੱਠ ਅੰਕਣ ਨੰਬਰ...............................ਮਿਤੀ.........................

ਇਸ ਦੀ ਇੱਕ ਨਕਲ :-

1) ਵਣ ਪਾਲ ਨਾਰਥ ਸਰਕਲ, ਪੰਜਾਬ, ਹੁਸ਼ਿਆਪੁਰ ਜੀ ਨੂੰ **ਸਮੇਤ ਪ੍ਰੋਪੋਜਲ ਦੀ ਇੱਕ ਪੜ੍ਹਤ ਸੂਚਨਾ** ਤੇ ਅਗਲੇਰੀ ਕਾਰਵਾਈ ਲਈ ਭੇਜੀ ਜਾਂਦੀ ਹੈ।
2) ਵਣ ਰੇਂਜ ਅਫਸਰ, ਮਾਹਿਲਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਐੱਫ.ਸੀ.ਏ. 1980 ਤਹਿਤ ਪ੍ਰਵਾਨਗੀ ਤੋਂ ਬਿਨ੍ਹਾਂ ਵਣ ਰਕਬਾ ਗੈਰ ਵਣ ਮੰਤਵ ਲਈ ਯੂਜਰ ਏਜੰਸੀ ਨੂੰ ਵਰਤਣ ਨਾ ਦਿੱਤਾ ਜਾਵੇ।
3) M/s Reliance Jio infocom Ltd, C-135,Industrial Area, Phase-8, Mohali ਨੂੰ ਸੂਚਨਾ ਲਈ ਭੇਜੀ ਜਾਂਦੀ ਹੈ।

ਵਣ ਮੰਡਲ ਅਫਸਰ,
ਹੁਸ਼ਿਆਰਪੁਰ।

D:\FCA (Santosh)\Forests Clearance.nic.in\F.C.A_Sham_LG.doc